# ਇਹ ਤੁਹਾਡਾ 2024 ਦਾ ਪ੍ਰਾਪਰਟੀ ਅਸੈਸਮੈਂਟ ਨੋਟਿਸ ਹੈ

## ਆਪਣੀ 2024 ਅਸੈਸਮੈਂਟ ਰੀਵਿਊ ਕਰੋ

ਇਸ ਨੋਟਿਸ ਦੇ ਸਾਹਮਣੇ ਪਾਸੇ ਦਿੱਤੀ ਆਪਣੀ 2024 ਪ੍ਰਾਪਰਟੀ ਅਸੈਸਮੈਂਟ ਨੂੰ ਧਿਆਨ ਨਾਲ ਰੀਵਿਊ ਕਰਨ ਲਈ ਕੁਝ ਸਮਾਂ ਕੱਢੋ। ਇਹ 1 ਜੁਲਾਈ, 2023 ਤੱਕ ਤੁਹਾਡੀ ਪ੍ਰਾਪਰਟੀ ਦੀ ਮਾਰਕੀਟ ਕੀਮਤ ਅਤੇ 31 ਦਸੰਬਰ, 2023 ਨੂੰ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਅਤੇ ਭੌਤਿਕ ਸਥਿਤੀ ਨੂੰ ਦਰਸਾਉਂਦੀ ਹੈ। ਤੁਹਾਡੀ ਪ੍ਰਾਪਰਟੀ ਦੀ ਅਸੈਸਮੈਂਟ ਨੂੰ ਤੁਹਾਡੇ ਸਾਲਾਨਾ ਪ੍ਰਾਪਰਟੀ ਟੈਕਸ ਬਿੱਲ ਦੀ ਗਣਨਾ ਕਰਨ ਲਈ ਵਰਤਿਆ ਜਾਂਦਾ ਹੈ, ਜੋ ਸਪ੍ਰਿੰਗ ਵਿੱਚ ਮੇਲ ਕੀਤਾ ਜਾਂਦਾ ਹੈ।

## ਜਾਣੋ ਕਿ ਤੁਹਾਡੀ ਪ੍ਰਾਪਰਟੀ ਦੀ ਅਸੈਸਮੈਂਟ ਕਿਵੇਂ ਕੀਤੀ ਜਾਂਦੀ ਹੈ

ਤੁਹਾਡੀ ਪ੍ਰਾਪਰਟੀ ਦਾ ਮੁੱਲ ਕੈਲਗਰੀ ਦੇ ਅੰਦਰ ਵੇਚੀਆਂ ਗਈਆਂ ਸਮਾਨ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਾਪਰਟੀਆਂ ਦੀਆਂ ਸੇਲਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਸਾਡੇ ਅਸੈਸਰ ਤੁਹਾਡੀ ਪ੍ਰਾਪਰਟੀ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਵੀ ਸ਼ਾਮਲ ਕਰਦੇ ਹਨ:

- ਸਥਾਨ
- ਕੁਆਲਟੀ
- ਇਮਾਰਤ ਦਾ ਸਾਈਜ਼
- ਉਮਰ
- ਲੌਟ ਦਾ ਸਾਈਜ਼
- ਰੈਨੋਵੇਸ਼ਨਾਂ
- ਪ੍ਰਭਾਵ (ਦ੍ਰਿਸ਼, ਟ੍ਰੈਫਿਕ, ਗ੍ਰੀਨ ਸਪੇਸ, ਆਦਿ)

**ਅਸੈਸਮੈਂਟ ਸਰਚ ਪ੍ਰਾਪਰਟੀ ਮਾਲਕਾਂ ਨੂੰ ਉਨ੍ਹਾਂ ਦੀ ਅਸੈਸਮੈਂਟ ਅਤੇ ਪ੍ਰਾਪਰਟੀ ਦੇ ਬਾਰੇ ਵਧੇਰੇ ਬਿਓਰੇਵਾਰ ਜਾਣਕਾਰੀ ਤੱਕ ਔਨਲਾਈਨ ਪਹੁੰਚ** ਪ੍ਰਦਾਨ ਕਰਦੀ ਹੈ। ਆਪਣੇ ਸੁਰੱਖਿਅਤ ਅਕਾਉਂਟ ਵਿੱਚ ਲੌਗਇਨ ਕਰੋ:

- **ਸ਼ੁੱਧਤਾ ਲਈ ਆਪਣੀ ਪ੍ਰਾਪਰਟੀ ਦੇ ਵੇਰਵਿਆਂ ਨੂੰ** ਰੀਵਿਊ ਕਰੋ।
- **ਨਿਰਪੱਖਤਾ ਅਤੇ ਇਕੁਇਟੀ ਨੂੰ ਯਕੀਨੀ ਬਣਾਉਣ ਲਈ ਤੁਲਨਾਤਮਕ ਵਿਸ਼ੇਸ਼ਤਾਵਾਂ ਲਈ** ਸਰਚ ਕਰੋ।
- **ਏਰੀਆ ਵਿੱਚ ਸਮਾਨ ਪ੍ਰਾਪਰਟੀਆਂ ਦੀਆਂ ਸੇਲਾਂ ਲਈ** ਸਰਚ ਕਰੋ।

ਪ੍ਰਾਪਰਟੀ ਦੇ ਮਾਲਕ ਇਸ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਕਿ ਉਨ੍ਹਾਂ ਦੀ ਅਸੈਸਮੈਂਟ ਕਿਵੇਂ ਤਿਆਰ ਕੀਤੀ ਗਈ ਸੀ, ਜਿਸ ਵਿੱਚ ਮਿਉਂਸੀਪਲ ਗਵਰਨਮੈਂਟ ਐਕਟ ਦੇ ਸੈਕਸ਼ਨਾਂ: 299/299.1 ਅਤੇ 300/300.1 ਦੇ ਅਨੁਸਾਰ ਕੈਲਗਰੀ ਦੇ ਅੰਦਰ ਹੋਰ ਪ੍ਰਾਪਰਟੀ ਅਸੈਸਮੈਂਟਾਂ ਦੇ ਸਾਰ ਸ਼ਾਮਲ ਹਨ। ਅਜਿਹਾ ਕਰਨ ਲਈ, ਸੁਰੱਖਿਅਤ ਢੰਗ ਨਾਲ ਆਪਣੇ ਅਸੈਸਮੈਂਟ ਸਰਚ ਅਕਾਉਂਟ ਵਿੱਚ ਲੌਗਇਨ ਕਰੋ। ਅਸੈਸਮੈਂਟ ਇੰਨਫਰਮੇਸ਼ਨ ਰਿਕਵੈਸਟ ਫਾਰਮ ਔਨਲਾਈਨ ਉਪਲਬਧ ਹੈ।

## ਤੁਹਾਡੀ 2024 ਪ੍ਰਾਪਰਟੀ ਅਸੈਸਮੈਂਟ ਬਾਰੇ ਸਵਾਲ ਹਨ

**ਫੋਨ:**
**403-268-2888**
(ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ - ਸ਼ਾਮ 4:30 ਵਜੇ ਤੱਕ)

**ਔਨਲਾਈਨ:**
**calgary.ca/assessment**

**ਸੁਣਨ ਵਿੱਚ ਅਯੋਗ:**
403-268-2888 ਦੀ ਬੇਨਤੀ ਕਰਨ ਲਈ 711 ਤੇ ਸੰਪਰਕ ਕਰੋ

**ਇਨ-ਪਰਸਨ:**
ਅਪੌਇੰਟਮੈਂਟ ਬੁੱਕ ਕਰਨ ਲਈ 403-268-2888 'ਤੇ ਕਾਲ ਕਰੋ

**ਮੇਲ:**
The City of Calgary (#8002)
P.O. Box 2100, Stn. M Calgary, AB T2P 2M5

**ਮੇਰੇ ਸਕੂਲ ਸਮਰਥਨ ਦਾ ਐਲਾਨ ਕਰੋ:**
**calgary.ca/schoolsupport**
'ਤੇ ਜਾਂ 311 ਤੇ ਕਾਲ ਕਰੋ।

**ਅਲਬਰਟਾ ਲੈਂਡ ਟਾਈਟਲਸ ਨਾਲ ਆਪਣਾ ਮੇਲਿੰਗ ਪਤਾ ਬਦਲੋ:**
780-427-2742 'ਤੇ ਕਾਲ ਕਰੋ
ਅਲਬਰਟਾ ਵਿੱਚ ਟੋਲ-ਫ੍ਰੀ ਪਹਿਲਾਂ 310-0000 ਡਾਇਲ ਕਰੋ
**alberta.ca/land-titles** 'ਤੇ ਜਾਓ

**ਕਸਟਮਰ ਰੀਵਿਊ ਪੀਰੀਅਡ** ਤੁਹਾਡੀ 2024 ਪ੍ਰਾਪਰਟੀ ਅਸੈਸਮੈਂਟ ਦਾ ਰੀਵਿਊ ਕਰਨ ਅਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਦਾ ਸਮਾਂ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਸਾਡੀ ਵੈਬਸਾਈਟ ਮਦਦ ਕਰ ਸਕਦੀ ਹੈ। ਜਾਂ, ਜੇ ਜ਼ਰੂਰੀ ਹੋਵੇ, ਤਾਂ ਆਪਣੀ ਅਸੈਸਮੈਂਟ ਦੀ ਜਾਂਚ ਕਰਵਾਉਣ ਲਈ ਕਸਟਮਰ ਰੀਵਿਊ ਪੀਰੀਅਡ ਦੇ ਅੰਤ ਤੋਂ ਪਹਿਲਾਂ ਸਾਡੇ ਨਾਲ ਸੰਪਰਕ ਕਰੋ।

### ਸਮਝਣਾ ਕਿ ਪ੍ਰਾਪਰਟੀ ਅਸੈਸਮੈਂਟ ਪ੍ਰਾਪਰਟੀ ਟੈਕਸ ਨਾਲ ਕਿਵੇਂ ਸੰਬੰਧਿਤ ਹੈ

ਪ੍ਰਾਪਰਟੀ ਅਸੈਸਮੈਂਟ ਪ੍ਰਾਪਰਟੀ ਟੈਕਸ ਲਈ ਵੰਡ ਦੀ ਇੱਕ ਵਿਧੀ ਹੈ। ਤੁਹਾਡਾ ਪ੍ਰਾਪਰਟੀ ਟੈਕਸ ਬਿੱਲ ਸਿਟੀ ਅਤੇ ਸੂਬੇ ਦੀਆਂ ਬਜਟ ਲੋੜਾਂ ਨੂੰ ਤੁਹਾਨੂੰ ਅਲਾਟ ਕੀਤੇ ਗਏ ਹਿੱਸੇ ਨਾਲ ਗੁਣਾ ਕਰਕੇ ਨਿਰਧਾਰਤ ਕੀਤਾ ਜਾਂਦਾ ਹੈ। ਤੁਹਾਡਾ ਹਿੱਸਾ ਉਸ ਪ੍ਰਾਪਰਟੀ ਦੇ ਮੁੱਲ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਜਿਸਦੇ ਤੁਸੀਂ ਕੈਲਗਰੀ ਵਿੱਚ ਮਾਲਕ ਹੋ, ਜੋ ਕਿ ਹਰ ਸਾਲ ਤੁਹਾਡੀ ਪ੍ਰਾਪਰਟੀ ਅਸੈਸਮੈਂਟ ਹੁੰਦੀ ਹੈ।

### ਤੁਹਾਡੇ ਪ੍ਰਾਪਰਟੀ ਟੈਕਸ ਨੂੰ ਪ੍ਰਭਾਵਤ ਕਰਨ ਵਾਲੇ ਕਾਰਕ:

**ਮੁਲਾਂਕਿਤ ਮੁੱਲ ਵਿੱਚ ਤਬਦੀਲੀਆਂ:** ਜੇ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕੀਤਾ ਗਿਆ ਮੁੱਲ ਤੁਹਾਡੀ ਪ੍ਰਾਪਰਟੀ ਕਲਾਸ (ਰਿਹਾਇਸ਼ੀ, ਗੈਰ-ਰਿਹਾਇਸ਼ੀ) ਲਈ ਆਮ ਤਬਦੀਲੀ ਤੋਂ ਜ਼ਿਆਦਾ ਵੱਧਦਾ ਜਾਂ ਘੱਟਦਾ ਹੈ।

**ਬਜਟ ਦੀਆਂ ਲੋੜਾਂ:** ਸੇਵਾਵਾਂ ਪ੍ਰਦਾਨ ਕਰਨ ਲਈ ਸ਼ਹਿਰ ਜਾਂ ਸੂਬੇ ਦੀਆਂ ਬਜਟ ਲੋੜਾਂ ਵਿੱਚ ਤਬਦੀਲੀਆਂ।

**ਟੈਕਸ ਵੰਡ ਅਡਜੱਸਟਮੈਂਟਾਂ:** ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਕਲਾਸਾਂ ਦੇ ਵਿਚਕਾਰ ਮਿਉਂਸੀਪਲ ਟੈਕਸ ਵੰਡਣ ਲਈ ਨਿਰਦੇਸ਼ਤ ਅਡਜੱਸਟਮੈਂਟਾਂ।

ਸਾਡੇ ਔਨਲਾਈਨ **ਟੈਕਸ ਕੈਲਕੂਲੇਟਰ** ਦੀ ਵਰਤੋਂ ਕਰਕੇ ਟੈਕਸਾਂ ਦੇ ਆਪਣੇ ਹਿੱਸੇ ਦਾ ਅਨੁਮਾਨ ਲਗਾਓ

ਬਜਟ ਬਣਾਉਣਾ ਆਸਾਨ ਬਣਾਓ, ਆਪਣੇ ਪ੍ਰਾਪਰਟੀ ਟੈਕਸ ਦਾ ਮਹੀਨਾਵਾਰ ਭੁਗਤਾਨ ਕਰੋ। **ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ** (TIPP) ਲਈ ਸਾਈਨ ਅਪ ਕਰੋ

**ਅਸੈਸਮੈਂਟ ਰੀਵਿਊ ਬੋਰਡ (ARB) ਸ਼ਿਕਾਇਤ ਫਾਇਲ ਕਰਨਾ** ਪ੍ਰਾਪਰਟੀ ਦੇ ਮਾਲਕ ਇਸ ਨੋਟਿਸ ਦੇ ਅਗਲੇ ਪਾਸੇ ਸ਼ਿਕਾਇਤ ਦਰਜ ਕਰਨ ਦੀ ਅੰਤਮ ਤਾਰੀਖ ਤੋਂ ਪਹਿਲਾਂ ARB ਕੋਲ ਸ਼ਿਕਾਇਤ ਦਰਜ ਕਰ ਸਕਦੇ ਹਨ। ਸ਼ਿਕਾਇਤ ਫਾਰਮ, ਸ਼ਿਕਾਇਤ ਏਜੰਟ ਅਧਿਕਾਰ ਫਾਰਮ, ਅਤੇ ਵਧੇਰੇ ਜਾਣਕਾਰੀ calgaryarb.ca ਜਾਂ 403.268.5858 'ਤੇ ਉਪਲਬਧ ਹਨ।

**ਪੇਪਰ ਰਹਿਤ ਮੁਕਾਬਲੇ ਵਿੱਚ ਸ਼ਾਮਲ ਹੋਵੋ!** ENotice 'ਤੇ ਸਵਿਚ ਕਰਕੇ ਇੱਕ ਟਿਕਾਊ ਚੋਣ ਕਰੋ।

23-0031594 | ADV-23246

## **calgary.ca/assessment** 'ਤੇ ਹੋਰ ਜਾਣੋ